# ਨਮੂਨੇ ਦਾ ਪ੍ਰਸ਼ਨ-ਪੱਤਰ

## ਸ਼੍ਰੇਣੀ ਦਸਵੀਂ

## ਪੰਜਾਬੀ ਏ (ਵਾਧੂ ਵਿਸ਼ਾ)

## ਵਿੱਦਿਅਕ ਸੈਸ਼ਨ: 2023-24

**ਸਮਾਂ : 3 ਘੰਟੇ**

**ਕੁੱਲ ਅੰਕ : 75**

**ਪਾਸ ਅੰਕ : 25**

1. ਸੁੰਦਰ ਲਿਖਾਈ ਲਈ 5 ਅੰਕ ਰਾਖਵੇਂ ਹਨ ਜੋ ਕਿ ਪ੍ਰਸ਼ਨ-ਪੱਤਰ ਦੇ ਕੁੱਲ 75 ਅੰਕਾਂ ਵਿਚ ਹੀ ਸ਼ਾਮਲ ਹਨ। 5

2. ਵਸਤੂਨਿਸ਼ਠ ਪ੍ਰਸ਼ਨ

(ੳ) ਵਾਰਸ ਸ਼ਾਹ ਨੇ ਕਿਹੜਾ ਕਿੱਸਾ ਲਿਖਿਆ ਹੈ?

(i) ਹੀਰ ਰਾਂਝਾ (ii) ਸੋਹਣੀ ਮਹੀਵਾਲ

(iii) ਸੱਸੀ ਪੁੰਨੂੰ (iv) ਮਿਰਜਾ ਸਾਹਿਬਾ 1

(ਅ) 'ਜੰਗ ਦਾ ਹਾਲ' ਕਵਿਤਾ ਵਿੱਚ ਕਿਹੜੀ ਥਾਂ ਦਾ ਜ਼ਿਕਰ ਹੈ ?

(i) ਜਮਰੌਦ ਦਾ (ii) ਪਿਸ਼ਾਵਰ ਦਾ

(ii) ਲਾਹੌਰ ਦਾ (iv) ਫੇਰੂ ਸ਼ਹਿਰ ਦਾ 1

(ੲ) ਗੁਰੂ ਨਾਨਕ ਦੇਵ ਜੀ ਨੇ ਕਿਹੜੇ ਧਰਮ ਦੀ ਨੀਂਹ ਰੱਖੀ ? 1

(ਸ) ਬੁੱਲ੍ਹੇ ਸ਼ਾਹ ਦੀ ਰਚੀ ਕਿਸੇ ਇੱਕ ਕਵਿਤਾ ਦਾ ਨਾਂ ਲਿਖੋ। 1

(ਹ) 'ਇੱਕ ਪੈਰ ਘੱਟ ਤੁਰਨਾ' ਕਹਾਣੀ ਦਾ ਮੁੱਖ ਪਾਤਰ ਕੌਣ ਹੈ ? 1

(ਕ) 'ਮੜ੍ਹੀਆਂ ਤੋਂ ਦੂਰ' ਕਹਾਣੀ ਦੇ ਕਹਾਣੀਕਾਰ ਅਤੇ ਉਸ ਦੀ ਪਤਨੀ, ਮਾਸੀ ਨੂੰ ਕਿਸ ਦਿਨ ਗੁਰਦਵਾਰੇ ਤੇ ਮੰਦਰ ਲੈ ਕੇ ਗਏ ? 1

(ਖ਼) 'ਨਾਇਕ' ਇਕਾਂਗੀ ਵਿੱਚ ਪਿਤਾ ਤੇ ਪੁੱਤਰ ਦੀ ਮੁਲਾਕਾਤ ਕਿੱਥੇ ਹੁੰਦੀ ਹੈ ? 1

(ਗ) 'ਦੂਜਾ ਵਿਆਹ' ਇਕਾਂਗੀ ਦਾ ਵਿਸ਼ਾ ਕਿਹੋ-ਜਿਹਾ ਹੈ ? 1

(ਘ) 'ਇੱਕ ਹੋਰ ਨਵਾਂ ਸਾਲ' ਕਿਸ ਦੀ ਰਚਨਾ ਹੈ ? 1

(ਙ) ਤਾਰੇ ਦੇ ਘਰ ਜਿਹੜਾ ਕਾਰਡ ਆਇਆ ਸੀ, ਉਸ ਵਿੱਚ ਕਿਸ ਦੇ ਵਿਆਹ ਦਾ ਜ਼ਿਕਰ ਸੀ ? 1

10×1=10

3. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿੱਚ ਲਿਖੋ

(ੳ) ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ 6

(ਅ) ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤ ਸ਼ਰਮਿੰਦਾ ਥੀਵਹੀ ਸਾਂਈ ਦੇ ਦਰਬਾਰਿ ॥ 6

(ੲ) ਭੁੱਖ ਨੰਗ ਨੂੰ ਭਾਗ ਕੇ ਪੰਧ ਕਰਦਾ,
ਰਾਤੀ ਵਿੱਚ ਮਸੀਤ ਦੇ ਆਇਆ ਈ।
ਹੱਥ ਵੰਝਲੀ ਪਕੜ ਕੇ ਰਾਤ ਅਧੀ,
ਰਾਝੇ ਮਜ਼ਾ ਭੀ ਖ਼ੂਬ ਬਣਾਇਆ ਈ। 6

(ਸ) ਉੱਖਲੀਆ ਨਾਸਾਂ ਜਿਨਾ ਮੁਹਿ ਜਾਪਨ ਆਲੇ ॥
ਧਾਏ ਦੇਵੀ ਸਾਹਮਣੇ ਬੀਰ ਮੁਛਲੀਆਲੇ ॥
ਸਰਪਤ ਜੋਹੇ ਲੜ ਹਟੇ ਬੀਰ ਟਲੇ ਨ ਟਾਲੇ ॥
ਗੰਜੇ ਦੁਰਗਾ ਘੇਰ ਕੈ ਜਣੂ ਘਟੀਅਰ ਕਾਲੇ ॥ 6

6+6=12

4. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ

(ੳ) ਮਿਠ ਬੋਲੜਾ ਜੀ ਹਰਿ ਸੱਜਣੁ (ਗੁਰੂ ਅਰਜਨ ਦੇਵ ਜੀ)

(ਅ) ਸਿੰਘਾਂ ਦੀ ਚੜ੍ਹਤ (ਸ਼ਾਹ ਮੁਹੰਮਦ) 4

5. ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇੱਕ ਲੇਖ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ:

(ੳ) ਘਰ ਦਾ ਪਿਆਰ (ਪ੍ਰਿੰ. ਤੇਜਾ ਸਿੰਘ)

(ਅ) ਤੁਰਨ ਦਾ ਹੁਨਰ (ਡਾ. ਨਰਿੰਦਰ ਸਿੰਘ ਕਪੂਰ) 6

6. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ:

(ੳ) ‘ਘਰ ਦਾ ਪਿਆਰ’ ਲੇਖ ਦੇ ਲੇਖਕ ਨੇ ਗੁਰੂ ਨਾਨਕ ਦੇਵ ਜੀ ਦੀ ਮਾਤਾ ਨਾਲ਼ ਮਿਲਾਪ ਦਾ ਦ੍ਰਿਸ਼ ਕਿਹੋ-ਜਿਹਾ ਚਿਤਰਿਆ ਹੈ ? 3

(ਅ) "ਲਫਜ਼ ਵੀ ਦਿਲ ਦੀ ਦੌਲਤ ਦੀਆਂ ਮੁਹਰਾ ਹੁੰਦੇ ਹਨ", ਕਥਨ ਦੀ ਵਿਆਖਿਆ ਕਰੋ। 3

(ੲ) ਬਾਬਾ ਰਾਮ ਸਿੰਘ ਦੁਆਰਾ ਚਲਾਈ 'ਨਾ ਮਿਲਵਰਤਣ ਲਹਿਰ’ ਦਾ ਵਰਨਣ ਕਰੋ। 3

(ਸ) ‘ਤੁਰਨ ਦਾ ਹੁਨਰ’ ਲੇਖ ਦੇ ਲੇਖਕ ਅਨੁਸਾਰ ਕਿਹੜਾ ਵਿਅਕਤੀ ਲੰਮੇ ਪੈਂਡੇ ਤੁਰਨ ਦਾ ਸਾਹਸ ਕਰ ਸਕਦਾ ਹੈ ? 3

4+4-8

.

7. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ:

(ੳ) ਅੰਗ-ਸੰਗ (ਵਰਿਆਮ ਸੰਧੂ)

(ਅ)  ਬਾਗ਼ੀ ਦੀ ਧੀ                    (ਗੁਰਮੁਖ ਸਿੰਘ ਮੁਸਾਫ਼ਿਰ)                    6

8. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿੱਚ ਲਿਖੋ:

(ੳ) ਸ਼ਾਹਾਂ ਦੇ ਮੁੰਡੇ ਤੋਂ ਕੁਲਫ਼ੀ ਖੋਹਣ 'ਤੇ ਕਾਕੇ ਦੇ ਮਾਪਿਆਂ ਦੀ ਕੀ 'ਪ੍ਰਤਿਕਿਰਿਆ' ਸੀ ?    3

(ਅ) ਮਹਾਰਾਣੀ ਦੇ ਸੰਪਰਕ ਵਿੱਚ ਆਉਣ ਨਾਲ਼ ਬੰਮ ਦੇ ਵਤੀਰੇ 'ਚ ਕੀ ਤਬਦੀਲੀ ਆਈ ?    3

(ੲ) ਹੁਸ਼ਨਾਕ ਸਿੰਘ ਆਪਣੇ ਸਾਲੇ ਦੀ ਧੀ ਲਾਜ ਨੂੰ ਆਪਣੇ ਘਰ ਵਿੱਚ ਕਿਉਂ ਨਹੀਂ ਸੀ ਰੱਖਣਾ ਚਾਹੁੰਦਾ ?    3

(ਸ) ਰਸ਼ੀਦ ਆਪਣੀ ਬਿਮਾਰੀ ਤੋਂ ਰਾਹਤ ਲੈਣ ਲਈ ਕੀ ਸ਼ੌਕ ਪਾਲ਼ਦਾ ਹੈ ?    3

3+3=6

9. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ:

(ੳ) ਵਜੀਰਾ                    (ਇਕਾਂਗੀ ਬੰਬ ਕੇਸ)

(ਅ) ਬਲਵੰਤ ਢਿੱਲੋਂ                    (ਇਕਾਂਗੀ ਸਮੁੰਦਰੋਂ ਪਾਰ) ।    5

10. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ:

"ਨਹੀਂ ਇਹ ਗੱਲ ਨਹੀਂ, ਮੈਂ ਆਪਣੇ ਪੈਰਾਂ ਤੇ ਖਲੋਣਾ ਚਾਹੁੰਦਾ ਹਾਂ ਪਰ ਤੁਸੀਂ ਮੇਰੀ ਇਹ ਗੱਲ ਨਹੀਂ ਸਮਝੋਗੇ।"

ਪ੍ਰਸ਼ਨ :  (ੳ) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ ?    1

(ਅ) ਇਕਾਂਗੀ ਦੇ ਲੇਖਕ ਦਾ ਕੀ ਨਾ ਹੈ ?    1

(ੲ) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ?    1

ਜਾਂ

"ਓ ਗੌਡ! ਹਮਾਰਾ ਸਾਥ ਕੈਸਾ ਸ਼ੇਮਫ਼ੁਲ ਧੋਕਾ ਹੂਆ । ਆਪ ਪੰਜਾਬੀ ਲੋਕ ਕਾ ਬਰਾਡਰੀ ਯਿਹ ਹੋਟਾ! ਆਪ ਔਰਟ ਕੋ ਘਰ ਮੈਂ ਭੀ ਐਸਾ ਡੀਸੀਵ ਕਰਟਾ ਔਰ ਦੂਸਰਾ ਮੁਲਕ ਮੇਂ ਜਾ ਕਰ ਭੀ ਡੀਸੀਵ ਕਰਦਾ ? ਸ਼ਰਮ ਕਾ ਬਾਟ, ਸ਼ੇਮ! ਸ਼ੇਮ!"

ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਲਏ ਗਏ ਹਨ ?

ਪ੍ਰਸ਼ਨ : (ੳ) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਲਏ ਗਏ ਹਨ?    1

(ਅ) ਇਕਾਂਗੀ ਦਾ ਲੇਖਕ ਕੌਣ ਹੈ ?    1

(ੲ) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ?    1

1+1+1=3

11.ਨਾਵਲ ਇੱਕ ਹੋਰ ਨਵਾਂ ਸਾਲ ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਓਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾ ਵਿੱਚ ਲਿਖੋ:

(ੳ) ਫੁੰਮਣ        (ਅ) ਅਸ਼ਕ  (ੲ) ਮਹੇਸ਼ੀ ਦੀ ਮਾਂ    5

12. ਹੇਠ ਲਿਖੇ ਵਾਰਤਾਲਾਪਾ ਵਿੱਚੋਂ ਕਿਸੇ ਇੱਕ ਵਾਰਤਾਲਾਪਾਂ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 40 ਸ਼ਬਦਾਂ ਵਿੱਚ ਲਿਖੋਂ:

(ੳ) " ਭਲੀਏ ਲੋਕੇ ਜਿਹੜੀ ਚਾਹ ਵੱਡੇ ਲੋਕ ਬਿਸਤਰਾ ਛੱਡਣ ਤੋਂ ਪਹਿਲਾਂ ਪੀਂਦੇ ਐ" ਉਹ ਹੁੰਦੀ ਐ, ਬੈੱਡ ਟੀ। ਚਲ ਉੱਠ ਪਿਆ ਦੇ ਅੱਜ ਸਾਨੂੰ ਵੀ ਬੈੱਡ ਟੀ।"

(ਅ) " ਸਾਨੂੰ ਪਿੰਡਾਂ ਆਲ਼ਿਆਂ ਨੂੰ ਤਾਂ ਕੁਝ ਸਮਝਦੇ ਈ ਨਹੀਂ, ਇੱਕ ਤਾਂ ਮੁੱਛਦੇ ਐ ਸਾਡੇ ਅਰਗਿਆਂ ਨੂੰ, ਦੂਜਾ ਟਿੱਚਰਾਂ ਕਰਦੇ ਆ।"

2 + 3 = 5